# ਪੰਜਾਬੀ ਯੂਨੀਵਰਸਿਟੀ ਪਟਿਆਲਾ

**ਯੂਨੀਵਰਸਿਟੀ ਕੈਲੰਡਰ ਜਿਲਦ-III (ਭਾਗ-II) 2005 ਨਾਲ ਸਬੰਧਿਤ ਸਿੰਡੀਕੇਟ ਦੀ ਕਾਰਵਾਈ/ਪੈਰ੍ਹਿਆਂ ਸੂਚੀ:**

| | | |
|---|---|---|
| 1. | ਯੂਨੀਵਰਸਿਟੀ ਨਾਲ ਸਬੰਧੰਤ ਗੈਰ ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਨਾਨ-ਟੀਚਿੰਗ ਸਟਾਫ ਦਾ ਸੀ.ਪੀ.ਐਫ. ਕੱਟਣ ਦੀ ਪ੍ਰਵਾਨਗੀ ਸੰਬੰਧੀ। | ਸਿੰਡੀਕੇਟ ਮਿਤੀ 12.6.2014 ਪੈਰ੍ਹਾ-2 |
| 2 | ਪੰਜਾਬ ਸਰਕਾਰ ਵੱਲੋਂ ਜ਼ਮੀਨ ਸੰਬੰਧੀ ਜਾਰੀ ਨੋਟੀਫਿਕੇਸ਼ਨ ਦੀ ਲੋਅ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ/ਸ਼ਰਤਾਂ ਮਿਤੀ 30-05-13 ਅਨੁਸਾਰ ਸੋਸਾਇਟੀ/ਟਰੱਸਟ/ਸੰਸਥਾ ਨੂੰ ਸੈਸ਼ਨ 2013-14 ਤੋਂ ਵੱਖ-ਵੱਖ ਨਵੇਂ ਕਾਲਜ ਖੋਲ੍ਹਣ ਲਈ ਸ਼ਾਮਲਾਟ ਜ਼ਮੀਨ 33 ਸਾਲਾ ਲੀਜ਼ ਤੇ ਹੋਣ ਦੀ ਪ੍ਰਵਾਨਗੀ ਬਾਰੇ। | ਸਿੰਡੀਕੇਟ ਮਿਤੀ 7.10.2014 ਪੈਰ੍ਹਾ-26.83 |
| 3 | ਯੂ.ਜੀ.ਸੀ., ਨਵੀਂ ਦਿੱਲੀ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਐਜੂਕੇਸ਼ਨ ਕਾਲਜਾਂ ਵਿਖੇ ਟੀਚਿੰਗ ਅਮਲੇ ਦੀਆਂ ਯੋਗਤਾਵਾਂ ਵਿਚ NET ਦੇ ਵਿਸ਼ੇ ਅਤੇ ਬੀ.ਐਡ.ਕੋਰਸ ਦੇ ਦਾਖਲਿਆਂ ਸੰਬੰਧੀ ਮੈਨਡੇਟਰੀ ਪ੍ਰੋਫਾਰਮ ਲਾਗੂ ਕਰਨ ਸੰਬੰਧੀ। | ਸਿੰਡੀਕੇਟ ਮਿਤੀ 23.11.2015 ਪੈਰ੍ਹਾ-6.16 |
| 4 | ਐਨ.ਸੀ.ਟੀ.ਈ. ਦੀ ਨੋਟੀਫਿਕੇਸ਼ਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫ਼ੀਲੀਏਟਿਡ ਐਜੂਕੇਸ਼ਨ ਕਾਲਜਾਂ ਵਿਚ ਬੀ.ਐਡ.ਤੇ ਐਮ.ਐਡ.ਕੋਰਸਾਂ ਦੇ ਨਾਲ-ਨਾਲ ਡੀ.ਪੀ.ਐਡ., ਬੀ.ਪੀ.ਐਡ. ਅਤੇ ਐਮ.ਪੀ.ਐਡ.ਵਿਸ਼ੇ ਪੜ੍ਹਾਏ ਜਾ ਰਹੇ ਹਨ ਵਿਚ ਬੀ.ਐਡ. ਅਤੇ ਐਮ.ਐਡ.(ਸਪੈਸ਼ਲ ਐਜੂਕੇਸ਼ਨ) ਵਿਚ ਨਿਯੁਕਤ ਕੀਤੀ ਟੀਚਿੰਗ ਫੈਕਲਟੀ ਲਈ ਕੀਤੀ ਸੋਧ ਅਨੁਸਾਰ ਲਾਗੂ ਕਰਨ ਸੰਬੰਧੀ। | ਸਿੰਡੀਕੇਟ ਮਿਤੀ 23.11.2015 ਪੈਰ੍ਹਾ-6.17 |
| 5 | UGC ਵਲੋਂ ਜਾਰੀ ਨੋਟੀਫਿਕੇਸ਼ਨ No. F.3.1/2009 ਮਿਤੀ 30.6.2010 ਵਿਚ ਸੁਝਾਈਆਂ ਚੋਣ ਕਮੇਟੀਆਂ ਦੀ ਬਣਤਰ ਨੂੰ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਵਿਚ ਪ੍ਰਿੰਸੀਪਲ/ਪ੍ਰੋਫ਼ੈਸਰ/ਐਸੋਸੀਏਟ ਪ੍ਰੋਫ਼ੈਸਰ/ਅਸਿਸਟੈਂਟ ਪ੍ਰੋਫ਼ੈਸਰ ਦੀਆਂ ਅਸਾਮੀਆਂ ਦੀ ਚੋਣ ਕਰਨ ਹਿਤ ਲਾਗੂ ਕਰਨ ਸਬੰਧੀ। | ਸਿੰਡੀਕੇਟ ਮਿਤੀ 23.11.2015 ਪੈਰ੍ਹਾ-9.35 |

ਸਿੰਡੀਕੇਟ ਦੀ ਇਕੱਤਰਤਾ ਮਿਤੀ 18.3.2014 ਦੀ ਕਾਰਵਾਈ ਦੀ ਪੁਸ਼ਟੀ।

1. **ਪਾਸ ਹੋਇਆ ਕਿ** ਸਿੰਡੀਕੇਟ ਦੀ ਇਕੱਤਰਤਾ ਮਿਤੀ 18.3.2014 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਯੂਨੀਵਰਸਿਟੀ ਨਾਲ ਸੰਬੰਧਤ ਗੈਰ ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਨਾਨ-ਟੀਚਿੰਗ ਸਟਾਫ਼ ਦਾ ਸੀ.ਪੀ.ਐਫ. ਕੱਟਣ ਦੀ ਪ੍ਰਵਾਨਗੀ ਸੰਬੰਧੀ।

Cal Vol III-II

2. **ਪਾਸ ਹੋਇਆ ਕਿ** ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਗੈਰ ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਨਾਨ-ਟੀਚਿੰਗ ਸਟਾਫ਼ ਦਾ ਸੀ.ਪੀ.ਐਫ. ਕੁੱਲ ਬਣਦੀ ਸੈਲਰੀ ਤੇ 10% ਕੱਟਣ ਦੇ ਮਾਮਲੇ 'ਤੇ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਵਲੋਂ ਮਿਤੀ 18.9.2013 ਨੂੰ ਕੀਤੀਆਂ ਸਿਫ਼ਾਰਸ਼ਾਂ **(ਅੰਤਿਕਾ-1)** ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਹਾਊਸ ਨੇ ਨੋਟ ਕੀਤਾ ਕਿ ਕਮੇਟੀ ਵਲੋਂ ਸਿਫਾਰਸ਼ ਕੀਤੀ ਗਈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਗੈਰ ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਦਾ ਸੀ.ਪੀ.ਐਫ. ਵੀ ਟੀਚਿੰਗ ਸਟਾਫ ਵਾਂਗ ਬੇਸਿਕ ਪੇ + ਡੀ.ਏ. ਤੇ 10% ਦੇ ਹਿਸਾਬ ਨਾਲ ਕੱਟਿਆ ਜਾਵੇ, ਜਿਸ ਵਿਚ ਮਕਾਨ ਕਿਰਾਇਆ ਭੱਤਾ ਅਤੇ ਹੋਰ ਭੱਤੇ ਸ਼ਾਮਿਲ ਨਹੀਂ ਹੋਣਗੇ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਸੀ.ਪੀ.ਐਫ਼ ਸਕੀਮ ਪਹਿਲਾਂ ਤੋਂ ਹੀ ਲਾਗੂ ਹੈ।

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਐਜੂਕੇਸ਼ਨਲ ਮਲਟੀਮੀਡੀਆ ਖੋਜ ਕੇਂਦਰ ਸਥਾਪਿਤ ਕਰਨ ਸੰਬੰਧੀ ਯੂ.ਜੀ.ਸੀ. ਸਕੀਮ ਅਧੀਨ ਜੂਨੀਅਰ ਰਿਸਰਚ ਅਫ਼ਸਰ ਦੀ ਆਰਜ਼ੀ ਆਸਾਮੀ ਨੂੰ ਭਰਨ ਸੰਬੰਧੀ।

3. **ਪਾਸ ਹੋਇਆ ਕਿ** ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਐਜੂਕੇਸ਼ਨਲ ਮਲਟੀਮੀਡੀਆ ਖੋਜ ਕੇਂਦਰ ਸਥਾਪਿਤ ਕਰਨ ਸੰਬੰਧੀ ਯੂ.ਜੀ.ਸੀ. ਸਕੀਮ ਅਧੀਨ ਜੂਨੀਅਰ ਰਿਸਰਚ ਅਫ਼ਸਰ ਦੀ ਆਰਜ਼ੀ ਆਸਾਮੀ ਗ੍ਰੇਡ 15600-39100+5400 ਰੁ: ਗਰੇਡ ਪੇ ਨੂੰ ਭਰਨ ਲਈ ਗਠਿਤ ਚੋਣ ਕਮੇਟੀ ਵੱਲੋਂ ਆਪਣੀ ਇਕੱਤਰਤਾ ਮਿਤੀ 15.01.2014 ਵਿਚ ਕੀਤੀਆਂ ਸਿਫ਼ਾਰਸ਼ਾਂ **(ਅੰਤਿਕਾ-3)** ਨੂੰ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 23.2.2000 (ਪੈਰ੍ਹਾ-1) ਵਿੱਚ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਅਧਿਕਾਰਾਂ ਤਹਿਤ ਚੋਣ-ਕਮੇਟੀ ਵੱਲੋਂ ਸਰਬ-ਸੰਮਤੀ ਨਾਲ ਚੁਣੇ ਉਮੀਦਵਾਰ ਸ੍ਰੀ ਮਨਪ੍ਰੀਤ ਸਿੰਘ ਬੂਢੈਲ ਸਪੁੱਤਰ ਸ੍ਰੀ ਗੁਰਦੇਵ ਸਿੰਘ ਬੂਢੈਲ ਨੂੰ ਜੂਨੀਅਰ ਰਿਸਰਚ ਅਫ਼ਸਰ, ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਐਜੂਕੇਸ਼ਨਲ ਮਲਟੀਮੀਡੀਆ ਖੋਜ ਕੇਂਦਰ ਸਥਾਪਿਤ ਕਰਨ ਸੰਬੰਧੀ ਯੂ.ਜੀ.ਸੀ. ਸਕੀਮ ਦੀ ਆਰਜ਼ੀ ਆਸਾਮੀ ਲਈ ਨਿਯੁਕਤੀ ਪੱਤਰ ਜਾਰੀ ਕਰਨ ਬਾਰੇ ਦਿੱਤੇ ਆਦੇਸ਼ਾਂ ਨੂੰ ਨੋਟ ਕੀਤਾ ਜਾਂਦਾ ਹੈ।

ਚਲਦਾ............

Noting-2 910

(1)

# ਪੰਜਾਬੀ ਯੂਨੀਵਰਸਿਟੀ ਪਟਿਆਲਾ

## ਕਾਲਜ ਸੈਕਸ਼ਨ

ਯੂਨੀਵਰਸਿਟੀ ਨਾਲ ਸਬੰਧਤ ਗ਼ੈਰ-ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦਾ ਸੀ.ਪੀ.ਐਫ ਕੁੱਲ ਬਣਦੀ ਸੈਲਰੀ ਤੇ 10% ਕੱਟਣ ਦੇ ਮਾਮਲੇ ਤੇ ਵਿਚਾਰ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 18.9.2013 ਨੂੰ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫਤਰ ਵਿਖੇ ਬਾਅਦ ਦੁਪਹਿਰ 3.00 ਵਜੇ ਹੋਈ ਇਕੱਤਰਤਾ ਦੀ ਕਾਰਵਾਈ:

ਕਮੇਟੀ ਮੈਂਬਰ:

1. ਡੀਨ, ਕਾਲਜ ਵਿਕਾਸ ਕੌਂਸਲ (ਕਨਵੀਨਰ)
2. ਕੰਟਰੋਲਰ(ਪ੍ਰੀਖਿਆਵਾਂ)
3. ਡਾਇਰੈਕਟਰ, ਅਕਾਦਮਿਕ ਸਟਾਫ਼ ਕਾਲਜ,
4. ਡਾਇਰੈਕਟਰ,ਯੁਵਕ ਭਲਾਈ
5. ਪ੍ਰਿੰਸੀਪਲ, ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਕੰਮ ਕਰਦੇ ਅਧਿਆਪਕਾਂ ਦੀ ਬਣਦੀ ਸੈਲਰੀ ਤੇ (ਪੂਰੇ ਭੱਤਿਆਂ ਸਮੇਤ) 10% ਸੀ.ਪੀ.ਐਫ ਦੀ ਕਟੌਤੀ ਕਰਨ ਬਾਰੇ ਜਾਣਕਾਰੀ ਦਿੱਤੀ। ਕਮੇਟੀ ਮੈਂਬਰ ਡਾ. ਬਲਵਿੰਦਰ ਸਿੰਘ ਟਿਵਾਣਾ, ਡਾਇਰੈਕਟਰ ਅਕਾਦਮਿਕ ਸਟਾਫ ਕਾਲਜ ਵਲੋਂ ਵੀ ਪੰਜਾਬੀ ਯੂਨੀਵਰਸਿਟੀ ਕੈਲੰਡਰ ਜਿਲਦ III ਭਾਗ II-2005 ਦੇ ਪੰਨਾਂ 149 ਤੇ ਕੀਤੀ ਵਿਵਸਥਾ ਜੋ ਹੇਠ ਲਿਖੇ ਅਨੁਸਾਰ ਹੈ, ਬਾਰੇ ਜਾਣੂ ਕਰਵਾਇਆ :-

''ਸਾਰੇ ਕਾਲਜ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਸਿਫਾਰਸ਼ ਕੀਤੇ ਅਨੁਸਾਰ ਅੰਸ਼ਦਾਈ ਪ੍ਰਾਵੀਡੈਂਟ ਫੰਡ ਨਿਯਮਾਂ ਦੇ ਆਮ ਪੈਟਰਨ ਦੀ ਪੈਰਵੀ ਕਰਨਗੇ:

ਪ੍ਰੰਤੂ ਇਹ ਕਿ ਕਿਸੇ ਕਰਮਚਾਰੀ ਦੇ ਪ੍ਰਾਵੀਡੈਂਟ ਫੰਡ ਨੂੰ ਕਾਲਜ ਦਾ ਅੰਸ਼ਦਾਨ ਉਸਦੇ ਵੇਤਨ ਦੇ 10% ਤੋਂ ਘੱਟ ਨਹੀਂ ਹੋਵੇਗਾ:''

ਪੰਜਾਬ ਅਤੇ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ, ਜਿਲ੍ਹਾ ਕਾਊਂਸਲ, ਬਰਨਾਲਾ ਵਲੋਂ ਪ੍ਰਾਪਤ ਪੱਤਰ ਦੀ ਲੋਅ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਕੰਮ ਕਰਦੇ ਅਧਿਆਪਕਾਂ ਦਾ ਸੀ.ਪੀ.ਐਫ. ਕੁੱਲ ਵੇਤਨ ਦੇ 10% ਦੇ ਹਿਸਾਬ ਨਾਲ ਕਟੌਤੀ ਕਰਨ ਸਬੰਧੀ ਕੀਤੀ ਗਈ ਵਿਵਸਥਾ ਦੇ ਪੈਟਰਨ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਗ਼ੈਰ-ਸਰਕਾਰੀ ਕਾਲਜਾਂ ਵਿਚ ਕੰਮ ਕਰਦੇ ਅਧਿਆਪਕਾਂ ਦਾ ਸੀ.ਪੀ.ਐਫ. ਕੁੱਲ ਸੈਲਰੀ ਤੇ 10% ਦੇ ਹਿਸਾਬ ਨਾਲ ਕੱਟਣ ਸਬੰਧੀ ਮਾਣਯੋਗ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਪਹਿਲਾਂ ਮਿਤੀ 09.11.2012 ਨੂੰ ਹੋਈ ਇਕੱਤਰਤਾ ਵਿਚ ਸਿਫਾਰਸ਼ ਕੀਤੀ ਗਈ ਜਿਸ ਦੀ ਪ੍ਰਵਾਨਗੀ ਸਿੰਡੀਕੇਟ ਮਿਤੀ 20.3.2013 ਦੇ ਪੈਰ੍ਹਾ-13.16 ਵਿਚ ਦੇ ਦਿੱਤੀ ਗਈ ਸੀ।

ਹੁਣ, ਡੀ.ਏ.ਵੀ ਕਾਲਜ, ਬਠਿੰਡਾ ਦੇ ਜਵਾਹਰ ਲਾਲ ਬਾਂਸਲ, ਸਕੱਤਰ ਨਾਨ-ਟੀਚਿੰਗ ਮੁਲਾਜ਼ਮ ਯੂਨੀਅਨ ਵਲੋਂ ਪ੍ਰਾਪਤ ਹੋਏ ਪੱਤਰ ਤੇ ਕਮੇਟੀ ਵੱਲੋਂ ਭਰਪੂਰ ਵਿਚਾਰ-ਵਟਾਂਦਰੇ ਉਪਰੰਤ ਇਹ ਸਿਫਾਰਸ਼ ਕੀਤੀ ਕਿ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਦਾਂ ਸੀ.ਪੀ.ਐਫ ਵੀ ਟੀਚਿੰਗ ਸਟਾਫ ਵਾਂਗ ਬੇਸਿਕ-ਪੇ + ਡੀ.ਏ. ਤੇ 10% ਦੇ ਹਿਸਾਬ ਨਾਲ ਕੱਟਿਆ ਜਾਵੇ ਜਿਸ ਵਿਚ ਮਕਾਨ ਕਿਰਾਇਆ ਭੱਤਾ ਅਤੇ ਹੋਰ ਭੱਤੇ ਸ਼ਾਮਿਲ ਨਹੀਂ ਹੋਣਗੇ। ਇਸ ਤੋਂ ਇਲਾਵਾ ਕਮੇਟੀ ਵਲੋਂ ਯੂਨੀਵਰਸਿਟੀ ਨਾਲ ਸਬੰਧਤ ਟੀਚਿੰਗ ਕਰਮਚਾਰੀਆਂ ਲਈ ਉਕਤ ਅਨੁਸਾਰ ਸਿੰਡੀਕੇਟ ਦੇ ਪੈਰ੍ਹਾ-13.16 ਮਿਤੀ 20.3.2013 ਵਿਚ ਲਏ ਫੈਸਲੇ ਵਿਚ ਸੋਧ ਕਰਦੇ ਹੋਏ ਉਹਨਾਂ ਦਾ ਸੀ.ਪੀ.ਐਫ ਬੇਸਿਕ-ਪੇ + ਡੀ.ਏ. ਤੇ 10% ਦੇ ਹਿਸਾਬ ਨਾਲ ਕੱਟਣ ਦੀ ਸਹਿਮਤੀ ਦਿਤੀ ਜਿਸ ਵਿਚ ਮਕਾਨ ਕਿਰਾਇਆ ਭੱਤਾ ਅਤੇ ਹੋਰ ਭੱਤੇ ਸ਼ਾਮਿਲ ਨਹੀਂ ਕੀਤੇ ਜਾਣਗੇ। ਕਮੇਟੀ ਵਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਕਮੇਟੀ ਦੀਆਂ ਇਹ ਸਿਫਾਰਸ਼ਾਂ ਸਿੰਡੀਕੇਟ ਦੀ ਪ੍ਰਵਾਨਗੀ ਉਪਰੰਤ ਹੀ ਲਾਗੂ ਹੋਣਗੀਆਂ।

ਡੀਨ, ਕਾਲਜ ਵਿਕਾਸ ਕੌਂਸਲ

ਕੰਟਰੋਲਰ (ਪ੍ਰੀਖਿਆਵਾਂ)

ਡਾਇਰੈਕਟਰ, ਅਕਾਦਮਿਕ ਸਟਾਫ਼ ਕਾਲਜ

ਡਾਇਰੈਕਟਰ, ਯੁਵਕ ਭਲਾਈ

ਪ੍ਰਿੰਸੀਪਲ, ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

Cal Vol III-II

**26.**83 ਪੰਜਾਬ ਸਰਕਾਰ ਵੱਲੋਂ ਜ਼ਮੀਨ ਸੰਬੰਧੀ ਜਾਰੀ ਨੋਟੀਫਿਕੇਸ਼ਨ (G.S.R.7/P.A. 18/1961/S.15/Amd.(19) 2008 Financial Commissioner and Principal Secretary to the Government of Punjab, Department of Rural Development and Panchayats ਵੱਲੋਂ ਮਿਤੀ 16-1-2008) ਦੀ ਲੋਅ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ/ਸ਼ਰਤਾਂ ਮਿਤੀ 30-05-13 **(ਅੰਤਿਕਾ-34)** ਅਨੁਸਾਰ ਸੋਸਾਇਟੀ/ਟਰੱਸਟ/ ਸੰਸਥਾ ਨੂੰ ਸੈਸ਼ਨ 2013-14 ਤੋਂ ਵੱਖ-ਵੱਖ ਨਵੇਂ ਕਾਲਜ ਖੋਲ੍ਹਣ ਲਈ ਸ਼ਾਮਲਾਟ ਜ਼ਮੀਨ 33 ਸਾਲਾ ਲੀਜ਼ ਤੇ ਹੋਣ ਦੀ ਪ੍ਰਵਾਨਗੀ ਦਿੱਤੀ, ਬਾਰੇ।

ਇਸ ਤੋਂ ਇਲਾਵਾ ਵੱਖ ਵੱਖ ਨਵੇਂ ਕਾਲਜ ਖੋਲ੍ਹਣ (ਮੱਲਟੀ ਫੈਕਲਟੀ/ ਪ੍ਰੋਫੈਸ਼ਨਲ ਕੋਰਸਿਜ਼/ਬੀ.ਐਡ/ਬੀ.ਕਾਮ ਅਤੇ ਫਿਜ਼ੀਕਲ ਐਜੂਕੇਸ਼ਨ ਆਦਿ) ਅਤੇ ਸਿੰਗਲ ਫੈਕਲਟੀ ਕਾਲਜਾਂ ਲਈ ਲੋੜੀਂਦੀ ਜ਼ਮੀਨ (ਜਿਨਾਂ ਕੇਸਾਂ ਵਿੱਚ ਕਾਲਜ ਖੋਲ੍ਹਣ ਲਈ ਲੋੜੀਂਦੀ ਜ਼ਮੀਨ ਪੰਜਾਬ ਸਰਕਾਰ ਵੱਲੋਂ ਨਹੀਂ ਦਿੱਤੀ ਗਈ) ਘੱਟੋ-ਘੱਟ 99 ਸਾਲਾ ਲੀਜ਼ ਤੇ ਹੋਣ ਬਾਰੇ ਯੂਨੀਵਰਸਿਟੀ ਵੱਲੋਂ ਲਿਆ ਗਿਆ ਪਹਿਲਾ ਫੈਸਲਾ (ਅਕਾਦਮਿਕ ਕੌਂਸਲ ਮਿਤੀ 19-3-2004 ਦੇ ਪੈਰਾ ਨੰਬਰ-11) ਲਾਗੂ ਰਹੇਗਾ।

(ਪੈਰਾ-**6.**124)